# ਇਕਬਾਲ ਰਾਮੂਵਾਲੀਆ ਦੇ ਨਾਵਲ 'ਮੌਤ ਇਕ ਪਾਸਪੋਰਟ ਦੀ' ਵਿਚ ਪੇਸ਼ ਔਰਤ

**ਡਾ. ਸਤਿੰਦਰ ਕੌਰ**
**ਅਸਿਸਟੈਂਟ ਪ੍ਰੋਫੈਸਰ, ਪੀ.ਜੀ. ਪੰਜਾਬੀ ਵਿਭਾਗ,**
**ਮਾਲਵਾ ਕਾਲਜ ਬੌਂਦਲੀ, ਸਮਰਾਲਾ।**

ਇਕਬਾਲ ਰਾਮੂਵਾਲੀਆ ਦਾ ਨਾਵਲ 'ਮੌਤ ਇਕ ਪਾਸਪੋਰਟ ਦੀ' ਪਰਵਾਸੀ ਪੰਜਾਬੀ ਕਥਾ ਜਗਤ ਵਿਚ ਵਿਲੱਖਣ ਸਥਾਨ ਹਾਸਿਲ ਕਰਦਾ ਹੈ। ਗੈਰ-ਕਾਨੂੰਨੀ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਸ਼ੋਸ਼ਣ ਦਾ ਵਰਨਣ ਤਾਂ ਪਹਿਲਾਂ ਵੀ ਪਰਵਾਸੀ ਪੰਜਾਬੀ ਨਾਵਲਕਾਰਾਂ ਦੁਆਰਾ ਕੀਤਾ ਜਾ ਚੁੱਕਾ ਹੈ ਪ੍ਰੰਤੂ ਰਾਮੂਵਾਲੀਆ ਨੇ ਇਹ ਨਾਵਲ 'ਪਰੰਪਰਾਗਤ ਲੀਹ' ਤੋਂ ਹਟਕੇ ਲਿਖਿਆ ਹੈ। ਉਸ ਨੇ ਨਾਵਲ ਦੀ ਮੁੱਖ ਪਾਤਰ ਸੀਮਾ ਦਾ ਬਹੁਪੱਖੀ ਚਿਤਰਣ ਕੀਤਾ ਹੈ। ਸਾਮੰਤਵਾਦੀ ਚੇਤਨਾ ਦੇ ਪੈਰੋਕਾਰ ਭਾਰਤੀ ਪੰਜਾਬੀਆਂ ਦੀ ਪੱਛਮੀ ਧਰਤੀਆਂ ਪ੍ਰਤੀ ਲਾਲਸਾ/ਅਕਾਂਖਿਆ ਕਿਸ ਪ੍ਰਕਾਰ ਪੰਜਾਬੀ ਔਰਤ ਨੂੰ ਅਜਿਹੀ ਅਮੁੱਕ ਭਟਕਣ ਲਈ ਮਜਬੂਰ ਕਰ ਦਿੰਦੀ ਹੈ, ਜਿਹੜੀ ਉਸਨੂੰ ਮੋਕਸ਼/ਮੁਕਤੀ ਦੀ ਦਵਾ ਨਹੀਂ ਬਲਕਿ ਬੇਯਕੀਨੀ ਦੇ ਜੰਗਲਾਂ ਦਾ ਪੈਂਡਾ ਦਿੰਦੀ ਹੈ, ਜਿਹੜੇ ਪੈਂਡੇ ਮਨੁੱਖਤਾ ਦਾ ਮਖੌਟਾ ਪਾਈ ਜਾਨਵਰ ਉਸਦੀ ਬੋਟੀ-ਬੋਟੀ ਨੋਚਣ ਨੂੰ ਤਿਆਰ ਬੈਠੇ ਹਨ। ਇਹ ਨਾਵਲ ਵੀ ਅਜਿਹੇ ਹਾਲਾਤਾਂ ਦੀ ਸ਼ਿਕਾਰ ਔਰਤ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ।

ਨਾਵਲ ਦੀ ਨਾਇਕਾ ਸੀਮਾ ਪੰਜਾਬੀ ਮੱਧਵਰਗੀ ਪਰਿਵਾਰ ਵਿਚ ਜੰਮੀ-ਪਲੀ ਲੜਕੀ ਹੈ। ਜਿਹੜੀ ਵਿਆਹ ਉਪਰੰਤ ਪਤੀ ਨਾਲ ਕੈਨੇਡਾ ਵਸੇਬਾ ਕਰਦੀ ਹੈ। ਉਸਨੂੰ ਆਪਣੇ ਨਾਰੀਤਵ ਦਾ ਮੁੱਲ ਦੋਵਾਂ ਸਮਾਜ ਪ੍ਰਬੰਧਾਂ ਪੰਜਾਬੀ ਜਗੀਰੂ ਮਾਨਸਿਕਤਾ ਪ੍ਰਬੰਧ ਤੇ ਪੱਛਮੀ ਪੂੰਜੀ ਵਿਵਸਥਿਤ ਸਮਾਜ ਪ੍ਰਬੰਧ ਵਿਚ ਅਦਾ ਕਰਨਾ ਪੈਂਦਾ ਹੈ। ਇਹ ਮੁੱਲ ਦੋਵਾਂ ਸਮਾਜ ਪ੍ਰਬੰਧ ਵਿਵਸਥਾਵਾਂ ਵਿਚ ਹੋਇਆ ਉਸ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਹੈ।

ਨਾਇਕਾ ਦਾ ਮੂਲ ਜਗੀਰਦਾਰੀ/ਅਰਧ-ਪੂੰਜੀਵਾਦੀ ਸਮਾਜਿਕ ਵਿਵਸਥਾ ਵਿਚ ਨਿਹਿਤ ਹੈ। ਪਦਾਰਥਕ ਸੁਖ ਦੀ ਪ੍ਰਾਪਤੀ ਤੋਂ ਚੰਗੇਰੇ ਜੀਵਨ ਪੱਧਰ ਦੀ ਕਾਮਨਾਵਸ ਪੰਜਾਬੀ ਸਮੁਦਾਇ ਵਿਚ ਕਥਿਤ ਬਹਿਸ਼ਤ ਵਿਚ ਦਾਖ਼ਲ ਹੋਣ ਦੀ ਹੋੜ ਜਿਹੀ ਲੱਗੀ ਹੋਈ ਹੈ। ਨਾਵਲਕਾਰ ਨੇ ਨਾਵਲ ਵਿਚ ਜਾਅਲੀ ਪਰਵਾਸ ਕਰਨ ਦੀ ਪ੍ਰਵਿਰਤੀ ਨੂੰ ਰੂਪਮਾਨ ਕੀਤਾ ਹੈ। ਨਾਵਲ ਵਿਚ ਜਾਅਲੀ ਪਰਵਾਸ ਧਾਰਨ ਕਰਨ ਦੀ ਬਿਰਤੀ ਦਾ ਪ੍ਰਗਟਾਅ ਹਨ। ਕਿਸ ਪ੍ਰਕਾਰ ਟਰੈਵਲ ਏਜੰਟਾਂ ਦੇ ਹੱਥੇ ਚੜ੍ਹੇ ਇਹ ਪੰਜਾਬੀ ਨੌਜਵਾਨ ਭਾਰੀ ਅਦਾਇਗੀ ਕਰਨ ਉਪਰੰਤ ਕੈਨੇਡਾ ਦੀ ਧਰਤੀ 'ਤੇ ਪੈਰ ਰੱਖਦੇ ਹਨ ਅਤੇ ਕਿਸ ਤਰ੍ਹਾਂ ਪਰਵਾਸ ਕਰਨ ਉਪਰੰਤ ਇਨ੍ਹਾਂ ਦਾ ਆਰਥਿਕ ਅਤੇ ਸਮਾਜਿਕ ਸ਼ੋਸ਼ਣ ਕੀਤਾ ਜਾਂਦਾ ਹੈ। ਕੈਨੇਡਾ ਵਰਗੇ ਵਿਕਸਿਤ ਅਤੇ ਸਵਰਗੀ ਦੇਸ਼ ਵਿਚ ਇਹ ਨਰਕੀ ਜੀਵਨ ਭੋਗਦੇ ਹਨ। ਰਾਜਨ ਦੇ ਇਹ ਬੋਲ ਪੰਜਾਬੀਆਂ ਦੀ ਪਰਵਾਸ ਹੋੜ ਤੇ ਏਜੰਟਾਂ ਦੀ ਮੁਨਾਫ਼ਾਖੋਰੀ ਨੂੰ ਰੂਪਮਾਨ ਕਰਦੇ ਹਨ:

> ਟਰੈਵਲ ਏਜੰਟਾਂ ਨੇ ਤਾਂ ਉਨ੍ਹੀ ਦਿਨੀਂ ਕਰੋੜਾਂ ਈ ਰੁਪਈਆ ਕਮਾਇਆ, ਕਈਆਂ ਨੇ ਤਾਂ ਜਾਅਲੀ ਵਿਜ਼ਟਰਾਂ ਦੇ ਵੱਗਾਂ ਦੇ ਵੱਗ ਕੈਨੇਡਾ ਨੂੰ ਢੋਣ ਲਈ ਪੂਰੇ ਦੇ ਪੂਰੇ ਜਹਾਜ਼ ਈ ਬੁੱਕ ਕਰ ਲਏ ਸਨ।.... ਬੱਸ ਫਿਰ ਮੈਂ ਭੇਡ ਬਣ ਕੇ ਈ ਭੇਡਾਂ ਮਗਰ ਲੱਗ ਪਿਆ।[1]

ਇਸੇ ਭੇਡਚਾਲ ਦੇ ਅੰਤਰਗਤ ਮਾਪਿਆ ਦੁਆਰਾ ਧੀਆਂ ਨੂੰ ਪਰਵਾਸ ਕਰਵਾਉਣ ਲਈ ਮਜਬੂਰ ਜਾਂ ਪ੍ਰੇਰਿਤ ਕਰਨ ਦੇ ਸਰੋਕਾਰ ਸਾਹਮਣੇ ਆਉਂਦੇ ਹਨ। ਸੀਮਾ ਦਾ ਪਿਤਾ ਅਰਧ ਪੂੰਜੀਵਾਦੀ ਸਰੋਕਾਰਾਂ ਦਾ ਧਾਰਨੀ ਹੈ। ਇਸੇ ਕਰਕੇ ਉਹ ਸੀਮਾ ਨੂੰ ਹਰ ਹਾਲਤ ਵਿਚ ਵਿਦੇਸ਼ ਭੇਜਣਾ ਚਾਹੁੰਦਾ ਸੀ।

> ਮੇਰੇ ਪਿਤਾ ਜੀ ਵੀ ਬੱਸ ਝੱਲੇ ਹੀ ਹੋਏ ਪਏ ਸੀ, ਮੈਨੂੰ ਬਾਹਰ ਭੇਜਣ ਲਈ, ਸੀਮਾ ਗਲੇਡੂਏ ਅੰਦਾਜ਼ 'ਚ ਬੋਲੀ। ਬੱਸ ਕੈਨੇਡਾ ਕੈਨੇਡਾ ਈ ਜਪੀ ਜਾਂਦੇ ਸੀ ਦਿਨੇਂ-ਰਾਤੀ। ਮੈਂ ਬਥੇਰਾ ਕਹਿੰਦੀ ਸੀ ਮੈਂ ਨੀ ਜਾਣਾ ਕਨੇਡਾ-ਕਨੂਡਾ ਪਰ ਕਿੱਥੇ ਮੰਨਦੇ ਸੀ ਮੇਰੀ।[2]

ਅਰਧ ਸਾਮੰਤਵਾਦੀ ਚੇਤਨਾ ਦੇ ਅਨੁਯਾਈ ਸਮਾਜਾਂ ਵਿਚ ਲੜਕੀ ਦੀ ਵਰ ਚੋਣ ਦੀ ਅਹਿਮੀਅਤ ਨੂੰ ਜ਼ਿਆਦਾ ਗੌਲਿਆ ਹੀ ਨਹੀਂ ਜਾਂਦਾ। ਸੀਮਾ ਵੀ ਅਜਿਹੇ ਹਾਲਾਤ ਦੀ ਸ਼ਿਕਾਰ ਬਣਦੀ ਹੈ, ਸੀਮਾ ਭਾਵੇਂ ਕਾਲਜ ਪੱਧਰ ਤੱਕ ਪੜ੍ਹਾਈ ਪੂਰੀ ਕਰ ਚੁੱਕੀ ਹੈ ਪਰ ਭਾਰਤੀ ਕਦਰਾਂ ਕੀਮਤਾਂ ਅਨੁਸਾਰ ਵਿਆਹ ਉਹ ਮਾਪਿਆ ਦੀ ਮਰਜ਼ੀ ਅਨੁਸਾਰ ਕਰਾਏਗੀ। ਸਾਮੰਤਵਾਦੀ ਸਮਾਜ ਵਿਵਸਥਾ ਵੱਲੋਂ ਔਰਤ ਲਈ ਜੋ ਨਿਯਮ ਬਣਾਏ ਗਏ ਹਨ, ਸੀਮਾ ਵੀ ਉਨ੍ਹਾਂ ਦੀ ਪਾਲਣਾ ਕਰਦੀ ਹੈ। ਮਾਂ ਦੀ ਅਣਹੋਂਦ ਅਤੇ ਵਿਆਹ ਕਾਰਜ ਲਈ ਘੱਟ ਸਮਾਂ ਉਸਦੀ ਨਾਂਹ ਨੂੰ ਹਾਂ ਵਿਚ ਬਦਲਣ ਲਈ ਸਹਾਇਕ ਹੁੰਦਾ ਹੈ:

> ਪਿਤਾ ਜੀ.... ਸਖ਼ਤ ਸੁਭਾਅ ਤੇ ਮੈਂ..... ਕੁੜੀ ਸੀ..... ਇਹ ਕਹਿਣ ਦਾ ਹੌਂਸਲਾ ਨਾ ਕਰ ਸਕੀ ..... ਪਈ ਅਵਤਾਰ...... ਮੇਰੀ ਜ਼ਿੰਦਕੀ 'ਚ ਐ......।[3]

ਇਹ ਠੋਸਿਆ ਹੋਇਆ ਵਿਆਹ ਸੀਮਾ ਦੇ ਭਵਿੱਖ ਵਿਚ ਵੀ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ। ਉਸ ਦਾ ਪਤੀ ਅਨਮੋਲ ਪੂੰਜੀਵਾਦੀ ਜ਼ਿੰਦਗੀ ਦਾ ਅਨੁਯਾਈ ਹੈ। ਉਸਦੀ ਨੈਤਿਕਤਾ, ਉਸ ਦਾ ਵਿਵਹਾਰ, ਸਭ ਪੱਛਮੀ ਤਰਜ਼ ਨਾਲ ਇਕਸੁਰ ਹਨ। ਨਾਵਲ ਦੇ ਅੰਤ ਤੱਕ ਅਨਮੋਲ ਉਸ ਲਈ ਉਸ ਪ੍ਰੇਮੀ ਅਵਤਾਰ ਹੀ ਉਸਦੀ ਆਤਮਾ ਤੇ ਸਰੀਰ ਦਾ ਮਾਲਕ ਹੈ। ਉਸ ਦਾ ਭਾਰਤੀ ਇਸਤਰੀ ਭਾਵ ਹੀ ਆਪਣੇ ਪਤੀ ਨੂੰ ਆਪਣੇ ਪ੍ਰੇਮੀ ਬਾਰੇ ਦੱਸਣੋਂ ਵਰਜਦਾ ਹੈ ਕੈਨੇਡਾ ਪਹੁੰਚ ਕੇ ਹਰ ਪ੍ਰਕਾਰ ਦਾ ਸ਼ੋਸ਼ਣ ਸਹਿਣ ਦੇ ਬਾਵਜੂਦ ਵੀ ਉਹ ਪੰਜਾਬ ਨਹੀਂ ਪਰਤਣਾ ਚਾਹੁੰਦੀ ਸਗੋਂ ਪੱਛਮੀ ਸਮਾਜ ਵਿਚ ਆਪਣੀ ਦੁਖਦਾਈ ਸਥਿਤੀ ਨੂੰ ਹੋਰ ਤ੍ਰਾਸਦਿਕ ਬਣਾ ਲੈਂਦੀ ਹੈ:

> ਕੈਨੇਡਾ 'ਚੋਂ ਦੇਸ਼ ਨਿਕਾਲਾ ਹੋਣ ਦਾ ਧੱਬਾ.... ਬਾਹਰ ਨਿਕਲ ਕੇ ਲੋਕਾਂ ਦੀਆਂ ਮਸ਼ਕਰੀਆਂ ਸਹਿਣੀਆ ਸੌਖੀਆਂ ਨਹੀਂ ਜੇ ਹੁੰਦੀਆਂ।[4]

ਪਤੀ-ਪਤਨੀ ਵਿਚਕਾਰ ਅਣਸੁਖਾਵੇਂ ਵਰਤਾਰੇ ਦੀ ਨਿਰੰਤਰਤਾ ਆਖਿਰ ਤੀਜੇ ਵਿਅਕਤੀ ਦਾ ਰਹੱਸ ਖੋਲ੍ਹਦੀ ਹੈ। ਅਵਤਾਰ ਤੇ ਸੀਮਾ ਦੇ ਪ੍ਰੇਮ ਸਬੰਧਾਂ ਨੂੰ ਨਾਵਲਕਾਰ ਨੇ ਪਿੱਛਲ ਝਾਤ ਵਿਧੀ ਰਾਹੀਂ ਰੂਪਮਾਨ ਕੀਤਾ ਹੈ।

ਅਨਮੋਲ ਨਾ ਤਾਂ ਵਿਆਹ ਰਜਿਸਟਰ ਕਰਵਾਉਂਦਾ ਹੈ ਅਤੇ ਨਾ ਹੀ ਸੀਮਾ ਦੀ ਇਮੀਗਰੇਸ਼ਨ ਦੀ ਅਰਜ਼ੀ ਬਤੌਰ ਪਤਨੀ ਦੀ ਹੈਸੀਅਤ ਵਜੋਂ ਦਿਖਾਉਂਦਾ ਹੈ। ਇਸ ਪ੍ਰਕਾਰ ਸੈਲਾਨੀ ਵਜੋਂ ਕੈਨੇਡਾ ਆਈ ਹੋਈ ਸੀਮਾ ਦਾ ਦੁਖਾਂਤ ਤਣਾਉ ਗ੍ਰਸਤ ਪ੍ਰਸਥਿਤੀਆਂ ਕਾਰਨ ਘੋਰ ਦੁਖਾਂਤ ਵਿਚ ਰੂਪਾਂਤਰਿਤ ਹੋਣ ਲੱਗਦਾ ਹੈ, ਜਦੋਂ ਉਸ ਦੀ ਵੀਜਾ ਮਿਆਦ ਖ਼ਤਮ ਹੋ ਜਾਂਦੀ ਹੈ।

ਨਾਵਲ ਦੀ ਕੇਂਦਰੀ ਪਾਤਰ ਕੇਂਦਰੀ ਸਮੱਸਿਆ ਜਾਅਲੀ ਪਰਵਾਸ ਦੀ ਹੋਂਦ ਹੈ। ਆਪਣੀ ਅਜਿਹੀ ਅਣਹੋਂਦ ਮੂਲਕ ਹੋਂਦ ਨੂੰ ਉਹ ਖੰਭਹੀਣ ਕੂੰਜ ਦੇ ਬਰਾਬਰ ਚਿਤਰਦੀ ਹੈ। ਅਨਮੋਲ ਦੇ ਛੱਡਣ ਤੋਂ ਉਹ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ। ਆਪਣੇ ਸ਼ੋਸ਼ਣ ਤੋਂ ਦੁਖੀ ਸੀਮਾ ਨਾਵਲ ਵਿਚਲੇ ਪਾਤਰ ਸੋਢੀ ਨੂੰ ਕਹਿੰਦੀ ਹੈ:

> ਸੋਢੀ ਸਾਹਿਬ, ਅਸੀਂ ਇਲੀਗਲ ਤਾਂ ਉਹ ਖੰਭਹੀਣੀਆਂ ਕੂੰਜਾਂ ਆਂ। ਖੰਭਹੀਣੀਆਂ ਕੂੰਜਾਂ.... ਸਾਨੂੰ ਤਾਂ ਬਿਨਾਂ ਤਰੱਦਤ ਦੇ ਅੰਨ੍ਹੇ ਤੋਂ ਅੰਨ੍ਹਾਂ ਨਿਸ਼ਾਨਚੀ ਵੀ ਜਦ ਚਾਹੇ ਫੁੰਡ ਸਕਦਾ ਹੈ।.... ਅਸੀਂ ਕਿਹੜਾ ਉਡਣੈਂ.... ਤੇ ਅਸੀਂ ਕਿਹੜਾ ਕੋਈ ਉਜਰ ਕਰਨੈ.. ..... ਮੋੜਵਾਂ ਹਮਲਾ ਕਰਨ ਦੀ ਤਾਂ ਭਲੀ ਸੋਚਣੀ ਈ ਕੀ ਐ।[5]

ਸੀਮਾ ਦੀ ਅਨਮੋਲ ਨਾਲੋਂ ਵੱਖਰਤਾ ਉਪਰੰਤ ਪੰਜ ਸੌ ਡਾਲਰ ਕੁਝ ਦਿਨਾਂ ਵਿਚ ਖ਼ਤਮ ਹੋਣ ਕਿਨਾਰੇ ਸਨ। ਅਜਿਹੀ ਸਥਿਤੀ ਵਿਚ ਕੰਮ ਮਿਲਣਾ ਬਹੁਤ ਜ਼ਰੂਰੀ ਸੀ ਪਰ ਉਸ ਕੋਲ ਲੈਂਡਡ ਸਟੈਂਪ ਤੇ ਵੀਜ਼ਾ ਮਿਆਦ ਨਾ ਹੋਣ ਕਾਰਨ ਇੱਛਾ ਪੂਰਵਕ ਕੰਮ ਦੀ ਚੋਣ

ਦਾ ਵਿਕਲਪ ਨਹੀਂ ਰਹਿੰਦਾ। ਇਸ ਸਮੇਂ ਉਸ ਕੋਲ ਰਾਜਨ ਬਰਾੜ ਦੇ ਵੇਅਰ ਹਾਊਸ ਵਿਚ ਕੀਤੇ ਕੰਮ ਬਿਨਾਂ ਹੋਰ ਕੋਈ ਚਾਰਾ ਨਹੀਂ। ਨਾਵਲਕਾਰ ਰਾਜਨ ਦੀ ਮੁਨਾਫ਼ਾਖੋਰੀ ਤੇ ਸਵਾਰਥੀ ਸੋਚ ਨੂੰ ਡੀ-ਕੋਡ ਕਰਦਾ ਹੈ:

> ਘੱਟ ਤੋਂ ਘੱਟ ਉਜ਼ਰਤ ਉੱਤੇ ਸੀਮਾ ਵਰਗੀ ਕੁਸ਼ਲ ਤੇ ਈਮਾਨਦਾਰ ਰੀਸੈਪਸ਼ਨਿਸ਼ਟ-ਕਮ-ਮੈਨੇਜਰ ਭਲਾ ਕਿੱਥੇ ਲੱਭ ਸਕਦੀ ਸੀ। ਨਾ ਕਦੇ ਘੰਟੇ ਗਿਣਨ ਵਾਲੀ ਤੇ ਨਾ ਕਦੇ ਓਵਰ ਟਾਈਮ ਲਈ ਵਾਧੂ ਪੈਸੇ ਦੀ ਆਸ ਰੱਖਣ ਵਾਲੀ।[6]

ਜਾਅਲੀ ਪਰਵਾਸੀ ਹੋਣ ਦਾ ਅਹਿਸਾਸ ਆਪਣੇ ਆਪ ਵਿਚ ਅਸੁਰੱਖਿਆ ਭਾਵਨਾ ਪੈਦਾ ਕਰਨ ਵਾਲਾ ਹੈ। ਇਸ ਤਹਿਤ ਹੋਣ ਵਾਲੇ ਬਹੁਪੱਖੀ ਸ਼ੋਸ਼ਣ ਦਾ ਸ਼ਿਕਾਰ ਪਰਵਾਸੀ ਪੰਜਾਬੀਆਂ ਲਈ ਕੈਨੇਡਾ ਕਿਸੇ ਕੁੰਭੀ ਨਰਕ ਤੋਂ ਘੱਟ ਨਹੀਂ ਹੈ। ਨਾਇਕਾ ਨੂੰ ਪੱਕੀ ਲੈਂਡਡ ਸਟੈਂਪ ਪ੍ਰਾਪਤ ਕਰਨ ਲਈ ਆਪਣੀ ਜੱਦੋਜਹਿਦ ਦੌਰਾਨ ਪੂੰਜੀਵਾਦੀ ਸਮਾਜ ਦੁਆਰਾ ਆਰਥਿਕ, ਸਮਾਜਿਕ, ਸਰੀਰਕ ਅਤੇ ਨੈਤਿਕ ਸ਼ੋਸ਼ਣ ਦਾ ਸਿਕਾਰ ਹੋਣਾ ਪੈਂਦਾ ਹੈ। ਡਾ. ਹਰਚੰਦ ਸਿੰਘ ਬੇਦੀ ਇਸ ਨਾਵਲ ਸਬੰਧੀ ਕਹਿੰਦੇ ਹਨ:

> ਇਹ ਨਾਵਲ ਔਰਤ ਦੀ ਹੱਡ ਮਾਸ ਤੋਂ ਪਾਰ ਜਾਂ ਭੌਤਿਕ ਦੇਹ ਤੋਂ ਪਾਰ ਦਾ ਕੋਈ ਮਸਲਾ ਨਹੀਂ ਛੇੜਦਾ ਸਗੋਂ ਸੰਕਟ ਤੇ ਔਰਤ ਦੀ ਸਮਾਜਿਕ ਆਰਥਿਕ ਅਤੇ ਨੈਤਿਕ ਵਿਅਕਰਣ ਬਾਰੇ ਦੀਰਘ ਵਿਚਾਰ ਕਰਦਾ ਹੋਇਆ, ਇਸ ਨੁਕਤੇ 'ਤੇ ਦ੍ਰਿਸ਼ਟੀ ਕੇਂਦਰਿਤ ਕਰਦਾ ਹੈ ਕਿ ਇਕ ਪੁਰਖੀ ਰਾਜ ਹੋਵੇ ਜਾਂ ਲੋਕਤੰਤਰ ਹੋਵੇ ਸਮਾਜਵਾਦੀ ਢਾਂਚਾ ਹੋਵੇ, ਜਗੀਰਦਾਰੀ ਪ੍ਰਬੰਧ ਹੋਵੇ ਜਾਂ ਸਰਮਾਏਦਾਰੀ ਨਿਜ਼ਾਮ ਹੋਵੇ, ਔਰਤ ਪ੍ਰਤੀ ਬੰਦੇ ਦੀ ਪਹੁੰਚ ਦੇਹ ਦੀ ਭੌਤਿਕਤਾ ਤੋਂ ਪਾਰ ਨਹੀਂ ਜਾਂਦੀ, ਗਲੋਬ ਦਾ ਕੋਈ ਵੀ ਹਿੱਸਾ ਹੋਵੇ ਜਿੱਡਾ ਮਰਜ਼ੀ ਵੱਡੀ ਤਹਿਜ਼ੀਬ ਯਾਫ਼ਤਾ ਦੇਸ਼ ਹੋਵੇ, ਔਰਤ ਪ੍ਰਤੀ ਮਰਦ ਦੀ ਪਹੁੰਚ ਭੋਗ ਬਿੰਦੂ ਤੋਂ ਹੀ ਆਪਣੀ ਮੂਲ ਯਾਤਰਾ ਆਰੰਭ ਕਰਦੀ ਹੈ।[7]

ਗੈਰ-ਕਾਨੂੰਨੀ ਅਵਾਸਣ ਹੋਣ ਕਰਕੇ ਸਹਿਮ, ਬੇਵਸੀ ਤੇ ਨਿਤਾਣਤਾ ਦਾ ਜੀਵਨ ਭੋਗਦੀ ਸੀਮਾ ਆਪਣੇ ਸੰਪਰਕ 'ਚ ਆਏ ਹਰ ਵਿਅਕਤੀ ਦੁਆਰਾ ਹੀ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਬਣਦੀ ਹੈ। ਸੋਢੀ ਦੀਆਂ ਹਰਕਤਾਂ ਤੋਂ ਪ੍ਰੇਸ਼ਾਨ ਹੁੰਦੀ ਹੋਈ ਸੀਮਾ ਆਪਣੇ ਅਤੀਤ ਨੂੰ ਯਾਦ ਕਰਦੀ ਹੈ।

> ਸੋਢੀ ਦੀਆਂ ਹਰਕਤਾਂ ਨੇ ਪੈਟਰਿਸ਼ਾ ਅਤੇ ਵੀਨਾ ਦੇ ਪਤੀ ਤੇ ਉਨ੍ਹਾਂ ਤੋਂ ਵੀ ਪਹਿਲਾਂ ਗ੍ਰੰਥੀ ਵੱਲੋਂ ਲਾਏ ਜ਼ਖ਼ਮਾਂ ਨੂੰ ਮੁੜ ਹਰੇ ਕਰਨਾ ਸ਼ੁਰੂ ਕਰ ਦਿੱਤਾ ਸੀ।[8]

ਇਸ ਭੱਜ-ਦੌੜ ਤੇ ਠੇਡੇ ਠੋਕਰਾਂ ਦੇ ਬਚ-ਬਚਾਅ ਵਿਚੋਂ ਆਪਣੇ ਆਪ ਨੂੰ ਸੁਰੱਖਿਤ ਰੱਖਣ ਦੀ ਪ੍ਰਕ੍ਰਿਆ ਵਿਚ ਉਹ ਆਖਰੀ ਆਸਰੇ ਤੋਂ ਵੀ ਨਿਲੰਬਤ ਕਰ ਦਿੱਤੀ ਜਾਂਦੀ ਹੈ, ਜਿਸ ਨਾਲ ਉਸ ਦੇ ਪਾਸਪੋਰਟ ਦੀ ਪ੍ਰਾਪਤੀ ਤੇ ਕੈਨੇਡਾ ਵਿਚ ਆਪਣੇ ਕਾਨੂੰਨੀ ਪ੍ਰਵੇਸ਼ ਨਾਲ ਭਵਿੱਖਮੁੱਖੀ ਤੇ ਸੁਪਨੇ ਜੋੜੇ ਜਾਂਦੇ ਹਨ। ਵਿਡੰਬਨਾ ਇਹ ਹੈ ਕਿ ਉਹ ਸੋਢੀ ਨਾਲ ਰਮਸਣ ਤੇ ਕਾਨੂੰਨੀ ਤੌਰ 'ਤੇ ਵਿਆਹੀ ਹੋਣ ਦੇ ਬਾਵਜੂਦ ਵੀ ਰਖੇਲ ਵਾਲਾ ਜੀਵਨ ਜਿਉਂ ਰਹੀ ਹੈ। ਓੜਕ ਪਾਸਪੋਰਟ ਪ੍ਰਾਪਤੀ ਦਾ ਮਾਧਿਅਮ ਤੇ ਮਸੀਹਾ ਮਿਸਟਰ ਸੋਢੀ ਵੀ ਉਸ ਨੂੰ ਅਧਵਾਟੇ ਹੀ ਛੱਡ ਕੇ ਨੀਮ ਪਾਗਲ ਅਵਸਥਾ ਵਿਚ ਬਾਲਕੋਨੀ ਵਿਚੋਂ ਛਾਲ ਮਾਰ ਕੇ ਮੌਤ ਸਹੇੜ ਲੈਂਦਾ ਹੈ ਅਤੇ ਨਾਇਕਾ ਪਾਸਪੋਰਟ ਦੇ ਅਧੂਰੇ ਸੁਪਨੇ ਨੂੰ ਫਿਰ ਤੋਂ ਨਵੇਂ ਸਿਰਿਓਂ ਵਿਉਂਤਣ ਤਲਾਸ਼ਣ ਲਈ ਕਿਸੇ ਨਵੇਂ ਸੋਢੀ ਦੀ ਭਾਲ ਵਿਚ ਅਣਸੇਧੀ ਦਿਸ਼ਾ ਨਾਲ ਯਾਤਰਾ ਆਰੰਭਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਕੈਨੇਡਾ ਦੀ ਧਰਤੀ 'ਤੇ ਗੈਰ ਕਾਨੂੰਨੀ ਜਾਂ ਨਾਜਾਇਜ਼ ਪਰਵਾਸੀ ਹੋਣਾ ਵੀ ਵੱਡੀ ਸਮੱਸਿਆ ਹੈ। ਅਜਿਹੇ ਵਿਅਕਤੀ ਦਾ ਪੁਲਿਸ ਅਤੇ ਇਮੀਗਰੇਸ਼ਨ ਅਫਸਰਾਂ ਦੇ ਛਾਪਿਆਂ ਦਾ ਡਰ ਹਰ ਸਮੇਂ ਸਾਹ ਸੂਤੀ ਰੱਖਦਾ ਹੈ। ਜੀਵਨ ਨਿਰਬਾਹ ਅਤੇ ਕਿਵੇਂ ਨਾ ਕਿਵੇਂ ਪੱਕੇ ਹੋਣ ਦੀ ਲੰਮੇਰੀ ਆਸ ਵਿਚ ਉਹ ਅਜਿਹੇ ਭਾਰ ਘ੍ਰਿਣਾਮਈ ਕੰਮ ਲਈ ਵੀ ਸਦਾ ਤਤਪਰ ਰਹਿੰਦੇ ਹਨ, ਜਿੱਥੇ ਉਨ੍ਹਾਂ ਦੀ ਕਿਰਤ ਤੋਂ ਪੂਰੀ ਤਰ੍ਹਾਂ ਵਿਯੋਗਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ। ਇਸ ਪ੍ਰਕਾਰ ਹਮਦਰਦੀ ਦੇ ਮਖੌਟੇ ਹੇਠ ਬੇਰਹਿਮੀ ਉਨ੍ਹਾਂ ਦੇ ਬਹੁ-ਪੱਖੀ ਸ਼ੋਸ਼ਣ ਪਾਸਾਰਾਂ ਦਾ ਕਾਰਨ

ਬਣਦੀ ਹੈ। ਨਾਵਲਕਾਰ ਨੇ ਭਾਸ਼ਾਈ ਸਮਰੱਥਾ ਦੇ ਮਾਧਿਅਮਾ ਰਾਹੀਂ ਨਾਇਕਾ ਦੇ ਸ਼ੋਸ਼ਣ ਦੇ ਵਿਭਿੰਨ ਪਾਸਾਰਾਂ ਨੂੰ ਰੂਪਮਾਨ ਕੀਤਾ ਹੈ। ਬ੍ਰਿਰਤਾਂਤ ਪ੍ਰਵਚਨ ਲਈ ਨਾਟਕੀ ਦ੍ਰਿਸ਼ ਅਤੇ ਚਿਤਰਾਤਮਕ ਦ੍ਰਿਸ਼ ਪੇਸ਼ ਕੀਤੇ ਗਏ ਹਨ। ਨਾਵਲੀ ਬਿਰਤਾਂਤ ਵਿਚ ਪਾਤਰਾਂ ਦੇ ਪ੍ਰਸਥਿਤੀਆਂ ਨੂੰ ਸਫਲਤਾਪੂਰਕ ਚਿਤਰਿਆ ਹੈ।

## ਹਵਾਲੇ ਅਤੇ ਟਿੱਪਣੀਆਂ

1. ਇਕਬਾਲ ਰਾਮੂਵਾਲੀਆ, **ਮੌਤ ਇਕ ਪਾਸਪੋਰਟ ਦੀ**, ਪੰਨਾ 37
2. ਉਹੀ, ਪੰਨਾ 38
3. ਉਹੀ, ਪੰਨਾ 85
4. ਉਹੀ, ਪੰਨਾ 247
5. ਉਹੀ, ਪੰਨਾ 250
6. ਉਹੀ, ਪੰਨਾ 225
7. ਡਾ. ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼,** ਭਾਗ ਪੰਜਾਵਾਂ- ਨਾਵਲ, ਪੰਨਾ 356
8. ਇਕਬਾਲ ਰਾਮੂਵਾਲੀਆ, ਉਹੀ, ਪੰਨਾ 257